ਦਫ਼ਤਰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

**Office of the Deputy Commissioner & Distt. Magistrate Bathinda**

**(Civil Defence Branch)**

ਪੱਤਰ ਨੰ 283-307/ਸੀ.ਡੀ.ਏ. ਮਿਤੀ 08/10/2024

ਸੇਵਾ ਵਿਖੇ

1 ਸੀਨੀਅਰ ਕਪਤਾਨ ਪੁਲਿਸ, ਬਠਿੰਡਾ।
2 ਕਮਿਸ਼ਨਰ ਨਗਰ ਨਿਗਮ, ਬਠਿੰਡਾ
3 ਉਪ ਮੰਡਲ ਮੈਜਿਸਟਰੇਟ ਬਠਿੰਡਾ, ਰਾਮਪੁਰਾ ਫੂਲ, ਤਲਵੰਡੀ ਸਾਬੋ,ਮੌੜ।
4 ਡਾਇਰੈਕਟਰ, ਏਮਜ਼ ਹਸਪਤਾਲ, ਬਠਿੰਡਾ।
5 ਜੀ.ਐਮ.ਐਨ.ਐਫ.ਐਲ., ਬਠਿੰਡਾ।
6 ਕਮਾਂਡਰ, ਐਨ.ਡੀ.ਆਰ.ਐਫ., ਬਠਿੰਡਾ।
7 ਸਿਵਲ ਸਰਜਨ, ਬਠਿੰਡਾ।
8 ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਬਠਿੰਡਾ।
9 ਜਿਲ੍ਹਾ ਮਾਲ ਅਫ਼ਸਰ, ਬਠਿੰਡਾ।
10 ਕਾਰਜਕਾਰੀ ਇੰਜੀਨੀਅਰ, ਪ੍ਰਦੂਸ਼ਣ ਕੰਟਰੋਲ, ਬੋਰਡ, ਬਠਿੰਡਾ।
11 ਕਾਰਜਕਾਰੀ ਇੰਜੀਨੀਅਰ, ਪੀ.ਐਸ.ਪੀ.ਸੀ.ਐਲ., ਬਠਿੰਡਾ।
12 ਕਮਾਂਡਰ, ਏਅਰ ਫੋਰਸ ਸਟੇਸ਼ਨ ਭੀਸੀਆਣਾ, ਬਠਿੰਡਾ।
13 ਡਿਪਟੀ ਡਾਇਰੈਕਟਰ, ਫੈਕਟਰੀਜ਼, ਬਠਿੰਡਾ।
14 ਜੀ.ਐਮ.ਡੀ.ਆਈ.ਸੀ., ਬਠਿੰਡਾ
15 ਜਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ ਅਤੇ ਸੈਕੰਡਰੀ), ਬਠਿੰਡਾ।
16 ਸਕੱਤਰ, ਰੈੱਡ ਕਰਾਸ, ਬਠਿੰਡਾ।
17 ਜਿਲ੍ਹਾ ਸੈਨਿਕ ਭਲਾਈ ਅਫ਼ਸਰ, ਬਠਿੰਡਾ।
18 ਡਿੱਪੂ ਮੈਨੇਜਰ, ਬੀ.ਪੀ.ਸੀ.ਐਲ, ਬਠਿੰਡਾ।
19 ਜੀ.ਐਮ. ਗੁਰੂ ਗੋਬਿੰਦ ਸਿੰਘ ਰਿਫਾਇਨਰੀ, ਬਠਿੰਡਾ।
20 ਪਲਾਂਟ ਇੰਚਾਰਜ ਅੰਬੂਜਾ ਸੀਮੇਂਟ ਪਲਾਂਟ, ਬਠਿੰਡਾ।
21 ਪਲਾਂਟ ਇੰਚਾਰਜ ਅਲਟਰਾਟੈਕ ਸੀਮੇਂਟ ਪਲਾਂਟ, ਲਹਿਰਾ ਮੁਹੱਬਤ।

ਵਿਸ਼ਾ:- **Biennial QRT/QRMT(CBRN)EX (2023-25).**

ਹਵਾਲਾ:- ਇਸ ਦੇ ਦਫ਼ਤਰ ਦੇ ਪੱਤਰ ਨੰ: 232-259/ਸੀ.ਡੀ.ਏ. ਮਿਤੀ 20/09/2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ਾ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਕੀਤੀ ਗਈ ਮੀਟਿੰਗ ਮਿਤੀ 29/08/2024 ਸਮਾਂ ਸਵੇਰੇ 09.30 ਵਜੇ ਦੀ ਕਾਰਵਾਈ ਇਸ ਪੱਤਰ ਨਾਲ ਸਾਮਲ ਕਰਕੇ ਭੇਜਕੇ ਹਵਾਲਾ ਅਧੀਨ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ ਮੀਟਿੰਗ ਵਿੱਚ ਹੋਏ ਵਿਚਾਰ ਵਟਾਦਰੇ ਅਨੁਸਾਰ, ਜੇਕਰ ਕੋਈ ਅਪਾਤਕਾਲੀਨ ਸਥਿੱਤੀ ਬਣਦੀ ਹੈ ਤਾਂ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਆਪ ਦੀ ਕੀ ਤਜ਼ਵੀਜ਼ ਹੈ ਅਤੇ ਕੀ ਸਾਧਨ ਮੌਜੂਦ ਹਨ। ਇਹ ਵੀ ਸੂਚਿਤ ਕੀਤਾ ਜਾਵੇ ਕਿ ਅਜਿਹੀ ਸਥਿਤੀ ਸਬੰਧੀ ਆਪ ਦੇ ਨੋਡਲ ਅਧਿਕਾਰੀ ਕੌਣ ਹਨ? ਉਕਤ ਰਿਪੋਰਟ ਸਮੇਤ PPT ਮਿਤੀ **04/10/2024** ਤੱਕ ਇਸ ਦਫ਼ਤਰ ਨੂੰ ਭੇਜੀ ਜਾਣੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਮੀਟਿੰਗ ਦੀ ਕਾਰਵਾਈ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਅਨੁਸਾਰ ਆਪ ਨਾਲ ਸਬੰਧਤ ਨੁਕਤਾ ਨੰ: ਸਬੰਧੀ ਵੀ ਰਿਪੋਰਟ ਭੇਜੀ ਜਾਵੇ।

ਪ੍ਰੰਤੂ ਆਪ ਵੱਲੋਂ ਹਾਲ ਤੱਕ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ। ਇਸ ਲਈ ਆਪ ਨੂੰ ਦੁਬਾਰਾ ਫ਼ਿਰ ਬੇਨਤੀ ਹੈ ਕਿ ਮੰਗੀ ਗਈ ਰਿਪੋਰਟ ਮਿਤੀ 10/10/2024 ਤੱਕ ਦਸਤੀ ਇਸ ਦਫ਼ਤਰ ਵਿੱਚ ਜਮ੍ਹਾਂ ਕਰਵਾਈ ਜਾਵੇ।

ਸੁਪਰਡੰਟ ਗ੍ਰੇਡ-2,
ਦਫ਼ਤਰ ਡਿਪਟੀ ਕਮਿਸ਼ਨਰ,
ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 11104 ਮਿਤੀ: 09.10.24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਿੱਤੇ ਗਏ/ਗੂਗਲ ਲਿੰਕ ਅਨੁਸਾਰ ਨੋਡਲ ਅਫਸਰ ਲਗਾਉਣ ਸਬੰਧੀ ਸੂਚਨਾ ਕੱਲ੍ਹ ਮਿਤੀ :10/10/24 ਨੂੰ ਸਵੇਰੇ 11.00 ਵਜ਼ੇ ਤੱਕ ਭਰਨੀ ਯਕੀਨੀ ਬਣਾਈ ਜਾਵੇ । ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ।

ਗੂਗਲ ਲਿੰਕ

**https://forms.gle/vjAX5eBqvCLmrbFX7**

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ